# ਇਲੈਕਟ੍ਰੀਸ਼ਨ

## ਇਸ ਕਿੱਤੇ ਬਾਰੇ

ਇਲੈਕਟ੍ਰੀਸ਼ਨ ਘਰਾਂ, ਕਮਰਸ਼ੀਅਲ ਬਿਲਡਿੰਗਾਂ, ਇੰਡਸਟਰੀਅਲ ਕੰਪਲੈਕਸਾਂ ਅਤੇ ਰੀਟੇਲ ਬਿਲਡਿੰਗਾਂ ਵਿਚ ਬਿਜਲੀ ਦੇ ਸਿਸਟਮ ਡਿਜ਼ਾਇਨ ਕਰਦੇ ਹਨ, ਇਨ੍ਹਾਂ ਦੀ ਪਲੈਨ ਕਰਦੇ ਹਨ, ਇਹ ਲਗਾਉਂਦੇ, ਰਿਪੇਅਰ ਕਰਦੇ ਹਨ ਅਤੇ ਇਨ੍ਹਾਂ ਦੀ ਸੰਭਾਲ ਕਰਦੇ ਹਨ। ਕੰਟਰੋਲਾਂ ਨਾਲ ਖਾਸ ਕੰਮਾਂ, ਇੰਟਰਨੈੱਟ ਔਫ ਥਿੰਗਜ਼ (ਆਈ ਓ ਟੀ), ਨਵਿਆਉਣਯੋਗ ਐਨਰਜੀ ਦੇ ਪ੍ਰੋਜੈਕਟਾਂ, ਫਾਇਬਰ ਓਪਟਿਕਸ ਅਤੇ ਕਮਿਊਨੀਕੇਸ਼ਨ ਅਤੇ ਕੰਪਿਊਟਰ ਨੈੱਟਵਰਕਾਂ ਲਈ ਵੀ ਮੰਗ ਵਧ ਰਹੀ ਹੈ।



"ਮੈਂ ਅੱਗੇ ਵਧਣ ਅਤੇ ਸਿੱਖਣ ਦੇ ਬਹੁਤ ਸਾਰੇ ਮੌਕਿਆਂ ਵਾਲਾ ਕੋਈ ਪੱਕਾ ਕਿੱਤਾ ਲੱਭ ਰਿਹਾ ਸੀ। "

**$45.00-$60.00 /ਪ੍ਰਤੀ ਘੰਟਾ**

ਅਨੁਮਾਨਤ ਵਾਧਾ
(ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

*BuildForce Canada

- ✓ ਤੁਸੀਂ ਸਹੀ ਕੰਮ ਕਰਦੇ ਹੋ
- ✓ ਤੁਸੀਂ ਡਿਜੀਟਲ ਪ੍ਰੋਗਰਾਮਾਂ ਨਾਲ ਕੰਮ ਕਰਨਾ ਪਸੰਦ ਕਰਦੇ ਹੋ
- ✓ ਤੁਸੀਂ ਟੀਮ ਪਲੇਅਰ ਹੋ

## ਜ਼ਿੰਮੇਵਾਰੀਆਂ

- ਨਵੇਂ ਸਿਸਟਮਾਂ ਦੀ ਪਲੈਨ ਬਣਾਉਣਾ ਅਤੇ ਪੁਰਾਣੇ ਸਿਸਟਮਾਂ, ਤਾਰਾਂ, ਰਿਸੈਪਟੀਕਲਜ਼ ਅਤੇ ਲਾਈਟ ਫਿਕਸਚਰਾਂ ਨੂੰ ਅਪਗਰੇਡ ਕਰਨਾ
- ਫਾਇਬਰ ਓਪਟਿਕ ਸਿਸਟਮ, ਫਾਇਰ ਅਲਾਰਮ, ਸਕਿਊਰਟੀ ਅਤੇ ਡੈਟਾ ਸਿਸਟਮ ਲਗਾਉਣਾ
- ਮੋਟਰਾਂ, ਜਨਰੇਟਰ, ਪੰਪ, ਸੋਲਰ ਆਰੇਅਜ਼ ਅਤੇ ਇਲੈਕਟ੍ਰਿਕ ਵਹੀਕਲ ਚਾਰਜਿੰਗ ਸਿਸਟਮ ਲਗਾਉਣਾ, ਟਰੱਬਲਸ਼ੂਟ ਕਰਨਾ ਅਤੇ ਇਨ੍ਹਾਂ ਦੀ ਰਿਪੇਅਰ ਕਰਨਾ

IBEW 213
Moving Forward with New Ideas

IBEW Local 993 — IBEW Local 1003 — IBEW Local 230

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ:**
ਪੂਰਾ ਕੀਤਾ: ਗਰੇਡ 12
ਸਿਫਾਰਸ਼: ਇੰਗਲਿਸ਼ 12 | ਪ੍ਰੀ-ਕੈਲਕੂਲਸ ਮੈਥ 11 | ਫਿਜ਼ਿਕਸ 11

ਇਲੈਕਟ੍ਰੀਕਲ ਜੋਆਇੰਟ ਟਰੇਨਿੰਗ ਕਮੇਟੀ (ਈ ਜੇ ਟੀ ਸੀ) ਅਤੇ ਵੈੱਸਟਰਨ ਜੋਆਇੰਟ ਟਰੇਨਿੰਗ ਸੁਸਾਇਟੀ (ਡਬਲਯੂ ਜੇ ਈ ਟੀ ਐੱਸ) ਬੀ.ਸੀ. ਵਿਚ ਸਭ ਤੋਂ ਵੱਧ ਕੁਆਲਟੀ ਦੇ ਅਪਰੈਂਟਿਸ਼ਪ ਪ੍ਰੋਗਰਾਮਾਂ ਵਿੱਚੋਂ ਇਕ ਪ੍ਰਦਾਨ ਕਰਦੇ ਹਨ। ਕਿਸੇ ਮਾਨਤਾ ਪ੍ਰਾਪਤ ਇਲੈਕਟ੍ਰੀਕਲ ਫਾਊਂਡੇਸ਼ਨ (ਈ ਐੱਲ ਟੀ ਟੀ) ਪ੍ਰੋਗਰਾਮ ਤੋਂ ਗਰੈਜੂਏਸ਼ਨ ਦੇ ਨਾਲ ਅਪਰੈਂਟਿਸਸ਼ਿਪ ਵਿਚ ਤਰਜੀਹੀ ਦਾਖਲਾ ਹੈ।

**ਅਪਰੈਂਟਿਸਸ਼ਿਪ ਪ੍ਰੋਗਰਾਮ:**
ਟੈਕਨੀਕਲ ਟਰੇਨਿੰਗ ਅਤੇ ਜੌਬ `ਤੇ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ
(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ, ਪੜ੍ਹਨ ਅਤੇ ਹਿਸਾਬ ਦੇ ਵਧੀਆ ਹੁਨਰ
- ਸਮੱਸਿਆਵਾਂ ਦੇ ਹੱਲ ਕਰਨ/ਕ੍ਰਿਟੀਕਲ ਸੋਚਣੀ ਦੇ ਹੁਨਰ
- ਮਕੈਨੀਕਲ ਰੁਚੀ ਅਤੇ ਹੱਥਾਂ ਦੀ ਫੁਰਤੀ
- ਸਰੀਰਕ ਤੰਦਰੁਸਤੀ ਅਤੇ ਤਕਰੀਬਨ 25 ਕਿਲੋਗ੍ਰਾਮ ਭਾਰ ਚੁੱਕਣ ਦੀ ਸਮਰੱਥਾ
- ਉਚਾਈਆਂ `ਤੇ, ਬੰਦ ਥਾਂਵਾਂ ਵਿਚ ਅਤੇ ਵੱਖ ਵੱਖ ਮੌਸਮਾਂ ਵਿਚ ਕੰਮ ਕਰਨ ਦੀ ਸਮਰੱਥਾ
- ਸਹਿਯੋਗ ਵਾਲੇ ਮਾਹੌਲ ਵਿਚ ਕੰਮ ਕਰਨ ਦੀ ਸਮਰੱਥਾ

College of the
BC Building Trades

## ਕੀ ਤੁਹਾਨੂੰ ਪਤਾ ਸੀ?

ਰੈੱਡ ਸੀਲ ਟਿਕਟ ਨਾਲ ਅੱਗੇ ਵਧਣ ਦੇ ਬਹੁਤ ਸਾਰੇ ਮੌਕੇ ਹਨ: ਫੋਰਪਰਸਨ, ਸੁਪਰਇਨਟੈਨਡੈਂਟ, ਐਸਟੀਮੇਟਰ ਜਾਂ ਇਲੈਕਟ੍ਰੀਕਲ ਇੰਸਪੈਕਟਰ, ਜਾਂ ਤੁਸੀਂ ਠੇਕੇ ਲੈਣ ਦਾ ਆਪਣਾ ਬਿਜ਼ਨਸ ਸ਼ੁਰੂ ਕਰ ਸਕਦੇ ਹੋ।

info@collegeofthebcbt.ca | www.collegeofthebcbt.ca